Tender Heart High School Sec- 33B Chd

Class - 6 Ramandeep Kaur

Topic- ਦਾਦੀ ਦੀਆਂ ਬਾਤਾਂ ਪਾਠ -10 (1)

ਵਿਦਿਆਰਥੀਓ ਇਸ ਹਫਤੇ ਅਸੀਂ ਛੇਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਵਿਤਾ ਦਾਦੀ ਦੀਆਂ ਬਾਤਾਂ ਬਾਰੇ ਵਿਚਾਰ ਕਰਾਂਗੇ। ਇਹ ਬਹੁਤ ਹੀ ਭਾਵਨਾਤਮਕ ਕਵਿਤਾ ਹੈ। ਤੁਸੀਂ ਇਸ ਕਵਿਤਾ ਨੂੰ ਘੱਟੋ - ਘੱਟ ਦੋ - ਤਿੰਨ ਵਾਰ ਪੜ੍ਹੋ ਅਤੇ ਵਿਸ਼ੇ ਨੂੰ ਸਮਝਣ ਦਾ ਯਤਨ ਕਰੋ।

ਕਵਿਤਾ ਦਾ ਸਾਰ

ਇਸ ਕਵਿਤਾ ਰਾਹੀਂ ਕਵੀ ਆਪਣੇ ਬਚਪਨ ਨੂੰ ਯਾਦ ਕਰਦਾ ਹੈ ਅਤੇ ਕਲਪਨਾ ਕਰਦਾ ਹੈ ਕਿ ਕਿਸੇ ਤਰ੍ਹਾਂ ਉਸਦਾ ਬੀਤਿਆ ਬਚਪਨ ਦਾ ਸਮਾਂ ਮੁੜ ਆਏ, ਉਹ ਆਪਣੀ ਦਾਦੀ ਜੀ ਦੀਆਂ ਗੱਲਾਂ ਅਤੇ ਕਹਾਣੀਆਂ ਦੁਬਾਰਾ ਸੁਣਨਾ ਚਾਹੁੰਦਾ ਹੈ।

ਉਸਨੂੰ ਆਪਣੇ ਬਚਪਨ ਦਾ ਉਹ ਸਮਾਂ ਯਾਦ ਆਉਂਦਾ ਹੈ ਜਦੋਂ ਉਸਦੇ ਦਾਦੀ ਜੀ ਬਾਤ (ਕਹਾਣੀ) ਸੁਣਾਉਂਦੇ ਸੀ। ਸਾਰੇ ਬੱਚੇ ਇੱਕਠੇ ਹੋ ਕੇ ਉਹਨਾਂ ਦੇ ਆਲੇ ਦੁਆਲੇ ਬੈਠ ਜਾਂਦੇ ਸੀ। ਰਾਤ ਨੂੰ ਕਹਾਣੀ ਸੁਣੇ ਬਿਨਾਂ ਉਹਨਾਂ ਨੂੰ ਨੀਂਦ ਨਹੀਂ ਆਉਂਦੀ ਸੀ। ਕੋਈ ਕਹਿੰਦਾ ਰਾਜੇ - ਰਾਣੀ ਦੀ ਕਹਾਣੀ ਸੁਣਾਓ ਕੋਈ ਕਹਿੰਦਾ ਪਰੀਆਂ ਦੀ ਕਹਾਣੀ ਸੁਣਾਓ। ਸਭ ਬੱਚੇ ਆਪਣੀ - ਆਪਣੀ ਫਰਮਾਇਸ਼

Be Positive...

Class-6 Ramandeep Kaur

Topic- ਦਾਦੀ ਦੀਆਂ ਬਾਤਾਂ ਪਾਠ -10 (2)

ਕਰਦੇ। ਫਿਰ ਕਵੀ ਆਪਣੇ ਬਚਪਨ ਬਾਰੇ ਸੋਚਦਾ ਹੋਇਆ ਲਿਖਦਾ ਹੈ ਕਿ ਤਾਰੇ-ਚੰਦ ਆਪਸ ਵਿੱਚ ਖੇਡ ਰਹੇ ਹੋਣ ਦਾਦੀ ਫੁੱਲਾਂ - ਤਿਤਲੀਆਂ ਦੇ ਕਿੱਸੇ - ਕਹਾਣੀਆਂ ਸੁਣਾਵੇ ਤੇ ਸਾਰੇ ਬੱਚੇ ਹਸਦੇ ਨਜ਼ਰ ਆਉਣ।

ਫਿਰ ਦਾਦੀ ਸਾਰੇ ਬੱਚਿਆਂ ਨੂੰ ਕਹਿੰਦੀ ਮੈਂ ਰੋਟੀ ਖਾ ਕੇ, ਹੱਥ ਚੌਂਕ ਸਾਫ਼ ਕਰ ਕੇ ਆਪਣੇ ਬਿਸਤਰ ਵਿੱਚ ਬੈਠ ਕੇ ਜੀ ਤੁਹਾਨੂੰ ਕਹਾਣੀ ਸੁਣਾਊਂਗੀ। ਦਾਦੀ ਸਾਨੂੰ ਗੁਰੂਆਂ ਪੀਰਾਂ ਭਗਤਾਂ ਦੀਆਂ ਬਾਤਾਂ ਸੁਣਾਉਂਦੀ। ਅੱਜ ਵੀ ਦਾਦੀ ਦੀਆਂ ਉਹ ਗੱਲਾਂ ਬਾਤਾਂ, ਕਹਾਣੀਆਂ ਸਾਡੇ ਮਨ ਵਿੱਚ ਯਾਦ ਹਨ। ਸਾਨੂੰ ਲਗਦਾ ਹੈ ਅੱਜ ਵੀ ਦਾਦੀ ਸਾਨੂੰ ਕੋਈ ਵਧੀਆ ਕਹਾਣੀ ਸੁਣਾਵੇਗੀ। ਸਾਨੂੰ ਅਸ਼ੀਰਵਾਦ ਦੇਵੇਗੀ ਤੇ ਸਾਨੂੰ ਲੋਰੀ ਸੁਣਾਵੇਗੀ। ਕਾਸ਼ ਸਾਡਾ ਬੀਤਿਆ ਬਚਪਨ ਵਾਪਸ ਆ ਜਾਵੇ, ਸੁਪਨਿਆਂ ਦੀ ਦੁਨਿਆ ਹੋਵੇ ਤੇ ਸਾਰੇ ਬੱਚੇ ਖੁਸ਼ ਹੋਣ।

ਸੋ ਇਸ ਕਵਿਤਾ ਪੜ੍ਹਨ ਤੋਂ ਬਾਅਦ ਸਭ ਨੂੰ ਆਪਣਾ ਬਚਪਨ ਯਾਦ ਆਉਂਦਾ ਹੈ ਅਤੇ ਹਰ ਕੋਈ ਆਪਣੀ ਦਾਦੀ ਦੀਆਂ ਬਾਤਾਂ ਨੂੰ ਯਾਦ ਕਰਦਾ ਹੈ।

ਘਰ ਦਾ ਕੰਮ

ਸ਼ਬਦ / ਅਰਥ ਯਾਦ ਕਰਕੇ ਕਾਪੀ ਤੇ ਲਿਖੋ।

(Last page)

Be Positive...